# ਪੈਡਾਂ ਜਾਂ ਕਲੈਕਸ਼ਨ ਬੈਗਾਂ ਦੀ ਵਰਤੋਂ ਕਰਕੇ ਪਿਸ਼ਾਬ ਦਾ ਨਮੂਨਾ ਕਿਵੇਂ ਇਕੱਠਾ ਕਰਨਾ ਹੈ

**ਸ਼ਿਸ਼ੂਆਂ ਅਤੇ ਛੋਟੇ ਬੱਚਿਆਂ ਲਈ**

## ਪਿਸ਼ਾਬ ਇਕੱਠਾ ਕਰਨ ਵਾਲੇ ਬੈਗ

**1**



ਨਮੂਨਾ ਇਕੱਠਾ ਕਰਨ ਤੋਂ ਪਹਿਲਾਂ ਅਤੇ ਬਾਅਦ ਵਿਚ ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਧੋਵੋ।

**2**



ਬੱਚੇ ਦੇ ਜਣਨ ਅੰਗ ਖੇਤਰ ਨੂੰ ਸਾਫ਼ ਕਰੋ ਅਤੇ ਸੁਕਾਓ।

**3**



ਬੈਗ ਨੂੰ ਜਣਨ ਅੰਗਾਂ ਦੇ ਆਲੇ-ਦੁਆਲੇ ਦੀ ਚਮੜੀ 'ਤੇ ਸੁਰੱਖਿਅਤ ਢੰਗ ਨਾਲ ਚਿਪਕਾ ਦਿਓ, ਫਿਰ ਇੱਕ ਨੈਪੀ ਪਾਓ।

**4**



ਜਦੋਂ ਬੱਚਾ ਪਿਸ਼ਾਬ ਕਰਨਾ ਖਤਮ ਕਰ ਲਵੇ, ਤਾਂ ਆਪਣੇ ਹੱਥ ਧੋਵੋ, ਹੌਲੀ-ਹੌਲੀ ਬੈਗ ਨੂੰ ਕੱਢੋ, ਇਸਦਾ ਇੱਕ ਕੋਨਾ ਕੱਟੋ ਅਤੇ ਪਿਸ਼ਾਬ (ਪਿਸ਼ਾਬ) ਨੂੰ ਕੀਟਾਣੂ-ਮੁਕਤ ਡੱਬੀ ਵਿੱਚ ਪਾਓ। ਬੈਗ ਨੂੰ ਡੱਬੀ ਦੇ ਅੰਦਰਲੇ ਹਿੱਸੇ ਨੂੰ ਛੂਹਣ ਨਾ ਦਿਓ।

**5**



ਡੱਬੀ 'ਤੇ ਤੁਰੰਤ ਢੱਕਣ ਲਗਾਓ ਅਤੇ ਇਸਨੂੰ ਸੁਰੱਖਿਅਤ ਢੰਗ ਨਾਲ ਕੱਸੋ।

## ਪਿਸ਼ਾਬ ਇਕੱਠਾ ਕਰਨ ਵਾਲੇ ਪੈਡ

**1**



ਨਮੂਨਾ ਇਕੱਠਾ ਕਰਨ ਤੋਂ ਪਹਿਲਾਂ ਅਤੇ ਬਾਅਦ ਆਪਣੇ ਹੱਥ ਸਾਫ਼ ਕਰੋ।

**2**



ਪੈਡ ਨੂੰ ਨੈਪੀ ਦੇ ਅੰਦਰ ਰੱਖੋ ਅਤੇ ਬੱਚੇ ਨੂੰ ਇਸਨੂੰ ਆਮ ਵਾਂਗ ਪਹਿਨਨ ਦਿਓ। ਹਰ 10 ਮਿੰਟਾਂ ਬਾਅਦ ਪੈਡ ਦੀ ਜਾਂਚ ਕਰੋ ਕਿ ਇਹ ਗਿੱਲਾ ਹੈ ਜਾਂ ਨਹੀਂ। ਪੈਡ ਨੂੰ 30 ਮਿੰਟਾਂ ਤੋਂ ਵੱਧ ਸਮੇਂ ਲਈ ਅੰਦਰ ਨਾ ਛੱਡੋ, ਕਿਉਂਕਿ ਇਸ ਨਾਲ ਨਮੂਨੇ ਵਿੱਚ ਕੀਟਾਣੂ ਵੜਣ ਦਾ ਖ਼ਤਰਾ ਵੱਧ ਜਾਂਦਾ ਹੈ।

**3**



ਹਰ 30 ਮਿੰਟਾਂ ਬਾਅਦ, ਜਾਂ ਜੇਕਰ ਬੱਚੇ ਨੇ ਇਸ 'ਤੇ ਮਲ ਕੀਤਾ ਹੈ, ਇੱਕ ਨਵੇਂ ਪੈਡ ਨਾਲ ਪ੍ਰਕਿਰਿਆ ਦੁਬਾਰਾ ਸ਼ੁਰੂ ਕਰੋ, ਜਦੋਂ ਤੱਕ ਬੱਚਾ ਇੱਕ 'ਤੇ ਪਿਸ਼ਾਬ ਨਾ ਕਰ ਲਵੇ।

**4**



ਪੈਡ ਨੂੰ ਉਤਾਰਣ ਤੋਂ ਪਹਿਲਾਂ ਆਪਣੇ ਹੱਥ ਧੋਵੋ। ਪੈਡ ਤੋਂ ਪਿਸ਼ਾਬ ਕੱਢਣ ਅਤੇ ਇਸਨੂੰ ਕੀਟਾਣੂ-ਮੁਕਤ ਡੱਬੀ ਵਿੱਚ ਪਾਉਣ ਲਈ ਪ੍ਰਦਾਨ ਕੀਤੀ ਗਈ ਸਰਿੰਜ ਦੀ ਵਰਤੋਂ ਕਰੋ। ਸਰਿੰਜ ਨਾਲ ਡੱਬੀ ਦੇ ਅੰਦਰਲੇ ਹਿੱਸੇ ਨੂੰ ਨਾ ਛੂਹੋ।

**5**



ਡਬੀ 'ਤੇ ਤੁਰੰਤ ਢੱਕਣ ਲਗਾਓ ਅਤੇ ਇਸਨੂੰ ਸੁਰੱਖਿਅਤ ਢੰਗ ਨਾਲ ਕੱਸੋ।

**6**



ਰੂੰ, ਉਨ, ਜਾਲੀਦਾਰ ਪਟੀ ਜਾਂ ਕਿਸੇ ਹੋਰ ਪੈਡ ਦੀ ਵਰਤੋਂ ਨਾ ਕਰੋ , ਕਿਉਂਕਿ ਇਹ ਟੈਸਟ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

## ਆਮ ਨੁਕਤੇ

- ਨਮੂਨਾ ਇਕੱਠਾ ਕਰਨ ਤੋਂ ਪਹਿਲਾਂ **ਬੱਚੇ ਦੇ ਜਣਨ ਅੰਗਾਂ ਨੂੰ ਸਾਫ਼ ਕਰੋ ਅਤੇ ਸੁਕਾਓ।**
- ਪਿਸ਼ਾਬ ਦਾ ਨਮੂਨਾ ਇਕੱਠਾ ਕਰਨ ਤੋਂ ਪਹਿਲਾਂ ਅਤੇ ਬਾਅਦ **ਵਿੱਚ ਹਮੇਸ਼ਾ ਸਾਬਣ ਅਤੇ ਪਾਣੀ ਨਾਲ ਆਪਣੇ ਹੱਥ ਧੋਵੋ।**
- **ਕੀਟਾਣੂ-ਮੁਕਤ ਡੱਬੀ ਨੂੰ ਉਦੋਂ ਤੱਕ ਨਾ ਖੋਲ੍ਹੋ** ਜਦੋਂ ਤੱਕ ਤੁਸੀਂ ਨਮੂਨਾ ਇਕੱਠਾ ਕਰਨ ਲਈ ਤਿਆਰ ਨਹੀਂ ਹੋ ਜਾਂਦੇ।
- **ਸਿਰਫ਼ ਤਾਂ ਹੀ ਪੈਡ ਜਾਂ ਬੈਗ ਵਰਤੋ** ਜੇਕਰ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੇ ਤੁਹਾਨੂੰ ਇਹ ਦਿੱਤੇ ਹਨ ਅਤੇ ਸਮਝਾਇਆ ਹੈ ਕਿ ਉਹਨਾਂ ਦੀ ਵਰਤੋਂ ਕਿਵੇਂ ਕਰਨੀ ਹੈ। ਉਹ ਤੁਹਾਨੂੰ ਜੋ ਵੀ ਹਦਾਇਤਾਂ ਦਿੰਦੇ ਹਨ, ਉਨ੍ਹਾਂ ਦੀ ਪਾਲਣਾ ਕਰੋ।
- **ਡੱਬੀ ਦੇ ਅੰਦਰਲੇ ਹਿੱਸੇ ਨੂੰ ਛੂਹਣ ਤੋਂ ਬਚੋ**, ਅਤੇ ਬੱਚੇ ਦੇ ਜਣਨ ਅੰਗਾਂ ਨੂੰ ਇਸਦੇ ਕਿਸੇ ਵੀ ਹਿੱਸੇ ਨੂੰ ਛੂਹਣ ਤੋਂ ਬਚਾਓ।
- **ਨਮੂਨਾ ਇਕੱਤਰ ਕਰਨ ਤੋਂ ਪਹਿਲਾਂ ਡੱਬੀ 'ਤੇ ਲੇਬਲ ਲਗਾਓ**ਜੇ ਤੁਹਾਡੇ ਸਿਹਤ-ਸੰਭਾਲ ਪੇਸ਼ੇਵਰ ਨੇ ਤੁਹਾਨੂੰ ਅਜਿਹਾ ਕਰਨ ਲਈ ਕਿਹਾ ਹੈ।

## ਸੰਖੇਪ ਜਾਣਕਾਰੀ

### ਪਿਸ਼ਾਬ ਦਾ ਨਮੂਨਾ ਇਕੱਠਾ ਕਰਨ ਲਈ ਯੰਤਰਾਂ ਦੀ ਵਰਤੋਂ ਕਰਦੇ ਸਮੇਂ ਮੈਨੂੰ ਹਦਾਇਤਾਂ ਦੀ ਧਿਆਨ ਨਾਲ ਪਾਲਣਾ ਕਰਨ ਦੀ ਲੋੜ ਕਿਉਂ ਹੈ?

ਕਦਮਾਂ ਦੀ ਸਹੀ ਢੰਗ ਨਾਲ ਪਾਲਣਾ ਕਰਨ ਨਾਲ ਕੀਟਾਣੂਆਂ ਨੂੰ ਨਮੂਨੇ ਵਿੱਚ ਵੜਣ ਤੋਂ ਰੋਕਣ ਵਿੱਚ ਮਦਦ ਮਿਲਦੀ ਹੈ, ਜੋ ਨਤੀਜੇ ਨੂੰ ਵਧੇਰੇ ਭਰੋਸੇਯੋਗ ਬਣਾਉਂਦਾ ਹੈ।

### ਕੀ ਮੈਂ ਘਰ ਤੋਂ ਕਿਸੇ ਜਾਰ ਜਾਂ ਡੱਬੀ ਦੀ ਵਰਤੋਂ ਕਰ ਸਕਦਾ/ਦੀ ਹਾਂ?

ਨਮੂਨਾ ਇਕੱਤਰ ਕਰਨ ਲਈ ਤੁਹਾਨੂੰ ਉਸ ਡੱਬੀ ਦੀ ਵਰਤੋਂ ਕਰਨੀ ਚਾਹੀਦੀ ਹੈ ਜੋ ਤੁਹਾਡੇ ਸਿਹਤ-ਸੰਭਾਲ ਪੇਸ਼ੇਵਰ ਨੇ ਤੁਹਾਨੂੰ ਦਿੱਤੀ ਹੈ।

### ਕੀ ਇਸ ਨਾਲ ਕੋਈ ਫ਼ਰਕ ਪੈਂਦਾ ਹੈ ਕਿ ਮੈਂ ਨਮੂਨਾ ਕਦੋਂ ਇਕੱਠਾ ਕਰਦਾ/ਦੀ ਹਾਂ?

ਸਭ ਤੋਂ ਵਧੀਆ ਪੱਧਰ ਦਾ ਨਮੂਨਾ ਪ੍ਰਾਪਤ ਕਰਨ ਲਈ ਨਮੂਨੇ ਨੂੰ ਵੱਧ ਤੋਂ ਵੱਧ ਸੰਭਵ ਹੱਦ ਤੱਕ ਆਪਣੀ ਅਪਾਇੰਟਮੈਂਟ ਦੇ ਨੇੜੇ ਇਕੱਤਰ ਕਰਨ ਦੀ ਕੋਸ਼ਿਸ਼ ਕਰੋ।

**ਹੋਰ ਜਾਣਕਾਰੀ ਲਈ ਇੱਥੇ ਸਕੈਨ ਕਰੋ**

## ਪਿਸ਼ਾਬ ਦਾ ਨਮੂਨਾ ਵਾਪਸ ਕਰਨ ਲਈ ਸੁਝਾਅ

**ਨਮੂਨਾ ਜਲਦੀ ਵਾਪਸ ਕਰੋ** ਇਸਨੂੰ ਜਿੰਨੀ ਜਲਦੀ ਹੋ ਸਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਕੋਲ ਲੈ ਜਾਓ - ਆਦਰਸ਼ਕ ਤੌਰ 'ਤੇ ਦੋ ਘੰਟਿਆਂ ਦੇ ਅੰਦਰ।

**ਇਸ ਨੂੰ ਠੰਡਾ ਰੱਖੋ**
ਜੇਕਰ ਤੁਸੀਂ ਨਮੂਨਾ ਜਲਦੀ ਵਾਪਸ ਨਹੀਂ ਕਰ ਸਕਦੇ, ਤਾਂ ਇਸਨੂੰ ਇੱਕ ਪਲਾਸਟਿਕ ਬੈਗ ਵਿੱਚ ਪਾਓ ਅਤੇ ਇਸਨੂੰ ਫਰਿੱਜ ਵਿੱਚ ਉਦੋਂ ਤੱਕ ਸਟੋਰ ਕਰੋ ਜਦੋਂ ਤੱਕ ਤੁਸੀਂ ਅਜਿਹਾ ਨਹੀਂ ਕਰ ਸਕਦੇ।

**ਛੱਡਣ ਦੇ ਸਮਿਆਂ ਦੀ ਜਾਂਚ ਕਰੋ**
ਪੁੱਛੋ ਕਿ ਛੱਡਣ ਦਾ ਆਖਰੀ - ਸਮਾਂ ਕਦੋਂ ਹੈ, ਤਾਂ ਜੋ ਨਮੂਨਾ ਉਸੇ ਦਿਨ ਲੈਬ ਵਿੱਚ ਪਹੁੰਚ ਸਕੇ।

**ਵਿਸ਼ੇਸ਼ ਕੀਟਾਣੂ-ਮੁਕਤ ਡੱਬੀਆਂ ਦੀ ਵਰਤੋਂ ਕਰੋ।**
ਕੁਝ ਡੱਬੀਆਂ ਵਿੱਚ ਇੱਕ ਪ੍ਰੀਜ਼ਰਵੇਟਿਵ ਪਾਊਡਰ ਅਤੇ ਇੱਕ ਨਿਸ਼ਾਨਬੱਧ ਭਰਨ ਵਾਲੀ ਲਾਈਨ ਹੁੰਦੀ ਹੈ। ਲਾਈਨ ਤੱਕ ਭਰਨ ਦੀ ਕੋਸ਼ਿਸ਼ ਕਰੋ, ਪਰ ਜੇ ਤੁਸੀਂ ਨਹੀਂ ਕਰ ਸਕਦੇ, ਤਾਂ ਬੱਸ ਵੱਧ ਤੋਂ ਵੱਧ ਪਿਸ਼ਾਬ ਇਕੱਤਰ ਕਰੋ ਜਿੰਨਾ ਤੁਸੀਂ ਕਰ ਸਕਦੇ ਹੋ।

© ਕ੍ਰਾਊਨ ਕਾਪੀਰਾਈਟ 2026. ਸੰਸਕਰਣ 1.ਪ੍ਰਕਾਸ਼ਤ: ਜੁਲਾਈ 2026. ਸੋਧ ਮਿਤੀ: ਜੁਲਾਈ 2029 ਇਹ ਦਸਤਾਵੇਜ਼ ਸਿਹਤ ਸੰਭਾਲ ਪੇਸ਼ੇਵਰਾਂ, ਮਰੀਜ਼ਾਂ ਅਤੇ ਪੇਸ਼ੇਵਰ ਮੈਡੀਕਲ ਸੰਸਥਾਵਾਂ ਨਾਲ ਮਿਲ ਕੇ ਵਿਕਸਤ ਕੀਤਾ ਗਿਆ ਹੈ। ਟਾਰਗੈਟ ਨੂੰ ਯੂਕੇ ਹੈਲਥ ਸਕਿਓਰਿਟੀ ਏਜੰਸੀ ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ।